Punjabi/Penjabi

# ਬਚਪਨ ਦੇ ਰੁਟੀਨ ਟੀਕਾਕਰਨ

**ਟੀਕੇ ਤੁਹਾਡੇ ਬੱਚੇ ਨੂੰ ਗੰਭੀਰ ਅਤੇ ਜਾਨਲੇਵਾ ਬਿਮਾਰੀਆਂ ਤੋਂ ਬਚਾਉਣ ਦਾ ਮਹੱਤਵਪੂਰਨ ਤਰੀਕਾ ਹਨ।**

## ਬਚਪਨ ਦੇ ਟੀਕਿਆਂ ਦੇ ਫਾਇਦੇ

- ਟੀਕੇ ਹਰ ਸਾਲ ਦੁਨੀਆ ਭਰ ਵਿੱਚ 3.5 ਤੋਂ 5 ਮਿਲੀਅਨ ਮੌਤਾਂ ਨੂੰ ਰੋਕਦੇ ਹਨ ਅਤੇ ਦਹਾਕਿਆਂ ਤੋਂ ਲਗਾਏ ਜਾ ਰਹੇ ਹਨ।
- ਬਚਪਨ ਦੇ ਟੀਕੇ 15 ਟੀਕਿਆਂ ਨਾਲ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ।
- ਬਚਪਨ ਦੇ ਟੀਕਾਕਰਨ ਕਾਰਜਕ੍ਰਮ ਜੀਵਨ ਦੇ ਸ਼ੁਰੂ ਵਿੱਚ ਰੋਗ-ਪ੍ਰਤਿਰੱਖਿਆ ਪ੍ਰਦਾਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ, ਇਸ ਤੋਂ ਪਹਿਲਾਂ ਕਿ ਬੱਚੇ ਗੰਭੀਰ ਅਤੇ ਸੰਭਾਵੀ ਤੌਰ 'ਤੇ ਜਾਨਲੇਵਾ ਟੀਕਿਆਂ ਨਾਲ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਦੇ ਸੰਪਰਕ ਵਿੱਚ ਆਉਣ। ਸਭ ਤੋਂ ਵੱਧ ਸੁਰੱਖਿਆ ਦੇਣ ਲਈ ਕੁਝ ਟੀਕਿਆਂ ਦੀਆਂ ਇੱਕ ਤੋਂ ਵੱਧ ਖੁਰਾਕਾਂ ਦੀ ਲੋੜ ਹੁੰਦੀ ਹੈ।
- ਟੀਕੇ ਸੁਰੱਖਿਆ ਵਿਕਸਿਤ ਕਰਨ ਵਿੱਚ ਸਰੀਰ ਦੀ ਮਦਦ ਕਰਦੇ ਹਨ।

## ਟੀਕੇ ਦੀ ਸੁਰੱਖਿਆ

- ਟੀਕਾ ਲਗਵਾਉਣਾ ਉਹਨਾਂ ਬਿਮਾਰੀਆਂ ਦੀ ਪਕੜ ਵਿੱਚ ਆਉਣ ਨਾਲੋਂ ਸੁਰੱਖਿਅਤ ਹੈ ਜਿਨ੍ਹਾਂ ਤੋਂ ਟੀਕੇ ਬਚਾਅ ਕਰਦੇ ਹਨ।
- ਇਸ ਤੋਂ ਪਹਿਲਾਂ ਕਿ ਟੀਕਿਆਂ ਨੂੰ ਕੈਨੇਡਾ ਵਿੱਚ ਵਰਤਿਆ ਜਾ ਸਕੇ, ਸਾਰੇ ਟੀਕੇ ਇੱਕ ਸਮੀਖਿਆ ਪ੍ਰਕਿਰਿਆ ਵਿੱਚੋਂ ਲੰਘਦੇ ਹਨ ਜਿਸ ਵਿੱਚ ਪ੍ਰਭਾਵਸ਼ੀਲਤਾ ਅਤੇ ਗੁਣਵੱਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਵਰਤੋਂ ਵਿੱਚ ਆਉਣ ਤੋਂ ਬਾਅਦ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਲਈ ਟੀਕਿਆਂ ਦੀ ਨਿਗਰਾਨੀ ਜਾਰੀ ਰਹਿੰਦੀ ਹੈ।
- ਟੀਕਾਕਰਨ ਤੋਂ ਬਾਅਦ ਹਲਕੇ ਮਾੜੇ ਪ੍ਰਭਾਵ ਆਮ ਹਨ। ਇਹਨਾਂ ਵਿੱਚ ਚਿੜਚਿੜਾਪਨ, ਹਲਕਾ ਬੁਖ਼ਾਰ, ਟੀਕੇ ਵਾਲੀ ਥਾਂ 'ਤੇ ਹਲਕਾ ਦਰਦ, ਸੋਜ ਜਾਂ ਲਾਲੀ ਸ਼ਾਮਲ ਹੋ ਸਕਦੇ ਹਨ। ਇਹ ਮਾੜੇ ਪ੍ਰਭਾਵ ਅਸਥਾਈ ਹਨ ਅਤੇ ਚਿੰਤਾ ਦਾ ਕਾਰਨ ਨਹੀਂ ਹਨ। ਇਹ ਤੁਹਾਡੇ ਬੱਚੇ ਦੇ ਸਰੀਰ ਵਿੱਚ ਇੱਕ ਰੋਗ-ਪ੍ਰਤਿਰੱਖਿਆ ਪ੍ਰਤਿਕਿਰਿਆ ਵਿਕਸਿਤ ਹੋ ਰਹੀ ਹੈ ਜੋ ਉਹਨਾਂ ਨੂੰ ਲਾਗ ਤੋਂ ਬਚਾਉਣ ਵਿੱਚ ਮਦਦ ਕਰਦੀ ਹੈ।

## ਜੇਕਰ ਤੁਹਾਡਾ ਬੱਚਾ ਕੋਈ ਟੀਕਾ ਖੁੰਝਾ ਦਿੰਦਾ ਹੈ

- ਜੇ ਤੁਸੀਂ ਆਪਣੇ ਬੱਚੇ ਦੇ ਟੀਕਾਕਰਨ ਕਾਰਜਕ੍ਰਮ ਵਿੱਚ ਪਿੱਛੇ ਰਹਿ ਜਾਂਦੇ ਹੋ, ਤਾਂ ਤੁਸੀਂ ਹਾਲੇ ਵੀ ਇਸਨੂੰ ਪੂਰਾ ਕਰ ਸਕਦੇ ਹੋ। ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਦੱਸੋ ਤਾਂ ਜੋ ਤੁਸੀਂ ਇਕੱਠੇ ਮਿਲ ਕੇ ਕਾਰਜਕ੍ਰਮ 'ਤੇ ਵਾਪਸ ਆਉਣ ਲਈ ਕੰਮ ਕਰ ਸਕੋ।

**ਜੇ ਤੁਹਾਡੇ ਟੀਕਿਆਂ ਬਾਰੇ ਕੋਈ ਸਵਾਲ ਹਨ, ਤਾਂ ਕਿਸੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ**

**Canada.ca/childhood-vaccines 'ਤੇ ਜਾਓ।**



© ਕੈਨੇਡਾ ਦੇ ਹੱਕ ਵਿਚ ਮਹਾਰਾਜਾ, ਦੀ ਨੁਮਾਇੰਦਗੀ ਕਰਦੇ ਸਿਹਤ ਮੰਤਰੀ, 2025
Pub: 240942 | Cat: HP40-358/2025Pan-PDF | ISBN: 978-0-660-76165-7